# ਪੱਛਮੀ ਬੰਗਾਲ ਦੇ ਚੋਣ ਨਤੀਜੇ

ਪੱਛਮੀ ਬੰਗਾਲ ਵਿਚ ਤਿਰਣਮੂਲ ਕਾਂਗਰਸ ਨੇ ਸੀ.ਪੀ.ਆਈ(ਮ) ਦੀ ਸਰਕਾਰ ਨੂੰ ਬਹੁਤ ਵੱਡੀ ਹਾਰ ਦਿੱਤੀ ਹੈ। ਬੰਗਾਲ ਵਿਚ ਲਗਾਤਾਰ 34 ਸਾਲ ਰਾਜ ਕਰਨ ਬਾਅਦ ਸੀ.ਪੀ.ਆਈ.(ਮ) ਸਰਕਾਰ ਦਾ ਭੋਗ ਪੈ ਗਿਆ ਹੈ। ਕੁਲ 294 ਸੀਟਾਂ ਵਿਚੋਂ ਤਿਰਣਾਮੂਲ ਕਾਂਗਰਸ 227 ਸੀਟਾਂ ਜਿੱਤ ਗਈ ਹੈ ਤੇ ਤਾਕਤ ਉੱਤੇ ਸੀ ਪੀ ਆਈ(ਮ) ਦੀ ਅਜਾਰੇਦਾਰੀ ਨੂੰ ਖ਼ਤਮ ਕਰਨ ਵਿਚ ਕਾਮਯਾਬ ਹੋ ਗਈ ਹੈ। ਕੇਰਲਾ ਵਿਚ ਵੀ ਖੱਬੇ ਮੋਰਚੇ ਦੀ ਸਰਕਾਰ ਨੂੰ ਕਾਂਗਰਸ ਦੇ ਫਰੰਟ ਨੇ ਹਰਾ ਦਿੱਤਾ ਹੈ। ਦੱਸਿਆ ਜਾਂਦਾ ਹੈ ਕਿ ਇਨ੍ਹਾਂ ਚੋਣਾਂ ਵਿਚ 84-85 ਫੀ ਸਦੀ ਵੋਟਰਾਂ ਨੇ ਹਿੱਸਾ ਲਿਆ।

ਇਨ੍ਹਾਂ ਦੋਹਾਂ ਰਾਜਾਂ ਵਿਚ ਸੀ.ਪੀ.ਆਈ.(ਐਮ) ਦੀ ਹਾਰ ਹੋ ਜਾਣ ਨਾਲ ਹਿੰਦੁਸਤਾਨ ਵਿਚ ਪੁਰਾਣਾ ਕਮਿਉਨਿਜ਼ਮ ਖ਼ਤਮ ਹੋ ਗਿਆ ਹੈ। ਇਸ ਕਮਿਉਨਿਜ਼ਮ ਨੂੰ ਦਫ਼ਨਾਉਣ ਦੀ ਲੋੜ ਸੀ ਕਿਉਂਕਿ ਕਮਿਊਨਿਸਟਾਂ ਦੇ ਨਾਂਅ ਥੱਲੇ ਇਹ ਲੋਕਾਂ ਦੀ ਲੁੱਟ ਕਰਨ, ਕਾਇਮ ਰੱਖਣ, ਅਤੇ ਲੋਕਾਂ ਨੂੰ ਦਬਾਉਣ ਦਾ ਹੀ ਰਾਜ ਸੀ। ਜੋ ਕੰਮ ਬਾਕੀ ਹਿੰਦੁਸਤਾਨ ਵਿਚ ਰਾਜ ਕਰਦੀਆਂ ਹੋਰ ਸਿਆਸੀ ਪਾਰਟੀਆਂ ਕਰਦੀਆਂ ਹਨ ਉਹੋ ਕੰਮ ਬੰਗਾਲ ਤੇ ਕੇਰਲਾ ਵਿਚ ਸੀ.ਪੀ.ਆਈ.(ਮ) ਦੇ ਕਮਿਊਨਿਸਟ ਕਰਦੇ ਰਹੇ ਹਨ। ਹਾਕਮ ਟੋਲੇ ਦਾ ਪੱਖ ਪੂਰਨਾ, ਰਾਜ ਦੇ ਸਾਰੇ ਵਸੀਲੇ ਅਤੇ ਖਜਾਨਾ ਹਾਕਮ ਟੋਲੇ ਦੇ ਹਵਾਲੇ ਕਰਨਾ, ਪਾਰਟੀ ਅਤੇ ਰਿਆਸਤ ਦੇ ਕਾਰਕੁਨਾਂ ਅਤੇ ਅਫਸਰਾਂ ਦੀਆਂ ਜੇਬਾਂ ਭਰਨਾ ਵਗੈਰਾ ਤਾਂ ਇਹ ਦੂਸਰੀ ਪਾਰਟੀਆਂ ਵਾਂਗ ਕਰ ਹੀ ਰਹੀ ਸੀ ਪਰ ਇਸ ਕੋਲ ਇਕ ਬਹੁਤ ਹੀ ਜਥੇਬੰਦ ਕਾਡਰ ਵੀ ਸੀ ਜੋ ਸ਼ਰ੍ਹੇਆਮ ਬਿਨਾਂ ਕਿਸੇ ਰੋਕ ਟੋਕ ਤੋਂ ਗੁੰਡਾਗਰਦੀ ਕਰਦਾ ਸੀ ਅਤੇ ਲੋਕਾਂ ਤੇ ਜਬਰ ਕਰਦਾ ਸੀ। 1967 ਤੋਂ ਲੈ ਕੇ, ਜਦੋਂ ਇਹ ਪਹਿਲੀ ਬਾਰ ਸਾਂਝੇ ਮੋਰਚੇ ਦੀ ਸਰਕਾਰ ਬਣਾ ਕੇ ਤਾਕਤ ਵਿਚ ਆਏ ਤੇ ਜੋਤੀ ਬਾਸੂ ਹੋਮ ਮਨਿਸਟਰ ਸੀ, ਉਸ ਸਮੇਂ ਤੋਂ ਲੈ ਕੇ ਹੁਣ ਤਾਂਈ ਸੀ.ਪੀ.ਆਈ.(ਐਮ) ਬੰਗਾਲ ਵਿਚ ਲੋਕਾਂ ਦੇ ਖ਼ਿਲਾਫ਼ ਬਹੁਤ ਹੀ ਜ਼ੁਲਮ ਕਰਦੀ ਰਹੀ ਹੈ ਅਤੇ ਇਸ ਤੋਂ ਲੋਕ ਬਹੁਤ ਦੁਖੀ ਸਨ। ਸੀ.ਪੀ.ਆਈ (ਐਮ) ਦੇ ਕਾਡਰ ਅਤੇ ਗੁੰਡੇ ਲੋਕਾਂ ਨੂੰ ਡਰਾ ਧਮਕਾ ਕੇ ਚੋਣਾਂ ਜਿੱਤ ਜਾਂਦੇ ਸਨ। ਇਹ ਸਭ ਕੁਝ ਕਮਿਉਨਿਜ਼ਮ ਦੇ ਨਾਂਅ ਹੇਠ ਕੀਤਾ ਜਾਂਦਾ ਰਿਹਾ ਹੈ। ਪਰ ਲੋਕਾਂ ਨੇ ਹੁਣ ਇਸ ਫ਼ਰੇਬ ਨੂੰ ਦਫ਼ਨਾ ਦਿੱਤਾ ਹੈ।

ਇਸ ਬਾਰ ਚੋਣਾਂ ਤੋਂ ਪਹਿਲਾਂ ਇਹ ਖ਼ਬਰ ਵੀ ਗਰਮ ਸੀ ਕਿ ਮਮਤਾ ਬੈਨਰਜੀ ਦੀ ਤਿਰਣਾਮੂਲ ਕਾਂਗਰਸ(ਟੀ ਐਮ ਸੀ) ਨੇ ਸੀ.ਪੀ.ਆਈ (ਐਮ) ਦੇ ਗੁੰਡਿਆਂ ਨੂੰ ਜ਼ਿਆਦਾ ਪੈਸੇ ਦੇ ਕੇ ਖ਼ਰੀਦ ਲਿਆ ਹੈ ਅਤੇ ਉਹ ਸੀ. ਪੀ.ਆਈ.(ਐਮ) ਦੀ ਗੁੰਡਾਗਰਦੀ ਦਾ ਮੂੰਹ ਤੋੜ ਜਵਾਬ ਗੁੰਡਾਗਰਦੀ ਨਾਲ ਦੇ ਰਹੇ ਹਨ। ਚੋਣਾਂ ਵਿਚ ਲੋਕਾਂ ਨੂੰ ਡਰਾਉਣਾ, ਚੋਣ ਬੂਥਾਂ ਦੇ ਕਬਜ਼ਾ ਕਰਨਾ ਅਤੇ ਜ਼ਬਰਦਸਤੀ ਫੰਡ ਇਕੱਠਾ ਕਰਨਾ ਜੋ ਕਿ ਪਹਿਲਾਂ ਸਿਰਫ਼ ਸੀ.ਪੀ.ਆਈ.(ਐਮ) ਹੀ ਕਰ ਸਕਦੀ ਸੀ ਹੁਣ ਤਿਰਣਾਮੂਲ ਕਾਂਗਰਸ ਨੇ ਉਨ੍ਹਾਂ ਤੋਂ ਵੱਧ ਚੜ੍ਹ ਕੇ ਕਰ ਲੈਣਾ ਹੈ। ਦੱਸਿਆ ਜਾਂਦਾ ਹੈ ਕਿ ਸੀ.ਪੀ.ਆਈ(ਐਮ) ਦੀ ਗੁੰਡਾਗਰਦੀ ਦਾ ਟਾਕਰਾ ਕਰਨ ਲਈ ਟੀ.ਐਮ.ਸੀ ਨੇ ਬੰਗਾਲ ਤੋਂ ਬਾਹਰੋਂ ਗੁੰਡਿਆਂ ਨੂੰ ਲਿਆ ਕੇ ਸੀ.ਪੀ.ਆਈ.(ਐਮ) ਲਈ ਮੁਸੀਬਤ ਖੜੀ ਕਰ ਦਿੱਤੀ ਅਤੇ ਉਹ ਲੋਕ ਜੋ ਕਿ ਪਹਿਲਾਂ ਸੀ.ਪੀ.ਆਈ.(ਐਮ) ਦੇ ਡਰ ਤੋਂ ਵੋਟ ਪਾਉਣ ਨਹੀਂ ਜਾਂਦੇ ਸੀ ਐਤਕੀਂ ਬੇਖ਼ੌਫ ਹੋ ਕੇ ਵੋਟਾਂ ਪਾ ਕੇ ਆਏ ਸੀ।

ਇਕ ਗੱਲ ਤਾਂ ਸਾਫ਼ ਹੈ ਕਿ ਮਮਤਾ ਬੈਨਰਜੀ ਦੇ ਵਾਅਦਿਆਂ ਅਤੇ ਦਾਅਵਿਆਂ ਦੇ ਬਾਵਜੂਦ, ਤਿਰਣਾਮੂਲ ਕਾਂਗਰਸ ਦੀ ਸਰਕਾਰ ਬਣਨ ਨਾਲ ਪੱਛਮੀ ਬੰਗਾਲ ਦੇ ਲੋਕਾਂ ਦਾ ਕੋਈ ਵੀ ਬੁਨਿਆਦੀ ਮਸਲਾ ਹੱਲ ਨਹੀਂ ਹੋਣ ਵਾਲਾ। ਟੀ.ਐਮ.ਸੀ ਨੇ ਹੁਣ ਤੱਕ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਦੀ ਹਰ ਲੋਕ ਵਿਰੋਧੀ ਪਾਲਸੀ ਦੀ ਹਿਮਾਇਤ ਕੀਤੀ ਹੈ। ਟੀ.ਐਮ.ਸੀ ਦੀ ਬੰਗਾਲ ਸਰਕਾਰ ਵਿਚ ਵੀ ਉਹੋ ਭੰਗ ਭੁੱਜੇਗੀ ਜੋ ਪਹਿਲਾਂ ਬੰਗਾਲ ਵਿਚ ਅਤੇ ਹੋਰਨਾਂ ਸਟੇਟਾਂ ਵਿਚ ਭੁੱਜ ਰਹੀ ਹੈ। ਸਰਕਾਰ ਅਤੇ ਰਿਆਸਤ ਅਮੀਰਾਂ ਦੀਆਂ ਹੀ ਜੇਬਾਂ ਭਰਦੇ ਰਹਿਣਗੇ ਅਤੇ ਲੋਕਾਂ ਦੇ ਮਸਲੇ ਬਦ ਤੋਂ ਬਦਤਰ ਹੁੰਦੇ ਜਾਣਗੇ। ਉਨ੍ਹਾਂ ਨੂੰ ਬੁਨਿਆਦੀ ਸਹੂਲਤਾਂ ਜਿਵੇਂ ਕਿ ਪਾਣੀ, ਬਿਜਲੀ, ਰੋਟੀ, ਸਿਹਤ, ਤਾਲੀਮ ਵਗੈਰਾ ਦੀ ਕਿੱਲਤ ਰਹੇਗੀ। ਉਨ੍ਹਾਂ ਦੇ ਕੌਮੀ ਅਤੇ ਸਮਾਜੀ ਹੱਕਾਂ ਤੇ ਸੱਟ ਵੱਜਦੀ ਰਹੇਗੀ।

ਮਮਤਾ ਬੈਨਰਜੀ ਨੇ ਦਾਅਵਾ ਕੀਤਾ ਹੈ ਕਿ ਪਿਛਲੇ 34 ਸਾਲਾਂ ਵਿਚ 75000 ਲੋਕ ਬੰਗਾਲ ਵਿਚ ਸਰਕਾਰੀ ਦਹਿਸ਼ਤਗਰਦੀ ਨਾਲ ਮਾਰੇ ਗਏ ਹਨ। ਕੀ ਮਮਤਾ ਬੈਨਰਜੀ ਦੀ ਸਰਕਾਰ ਇਨ੍ਹਾਂ ਕਤਲਾਂ ਦੇ ਜ਼ੁੰਮੇਵਾਰਾਂ ਨੂੰ ਸਜ਼ਾ ਦੇਵੇਗੀ? ਕੀ ਨਵੀਂ ਸਰਕਾਰ ਉਨ੍ਹਾਂ ਮੁਜਰਮਾਂ ਨੂੰ ਇਨਸਾਫ਼ ਦੇ ਕਟਹਿਰੇ ਵਿਚ ਲੈ ਕੇ ਆ ਸਕੇਗੀ ਜਿਨ੍ਹਾਂ ਨੇ ਲੋਕਾਂ ਖ਼ਿਲਾਫ਼ ਪਿਛਲੇ 34 ਸਾਲਾਂ ਤੋਂ ਜ਼ੁਲਮ ਕੀਤੇ ਹਨ? ਬਹੁਤੀ ਆਸ ਤਾਂ ਨਹੀਂ ਰੱਖਣੀ ਚਾਹੀਦੀ ਪਰ ਜੇ ਨਵੀਂ ਸਰਕਾਰ, ਸਿਆਸੀ ਤੇ ਜ਼ਾਤੀ ਬਦਲੇ ਦੇ ਰਾਹ ਪਏ ਬਗੈਰ, ਏਨਾ ਕੁ ਵੀ ਕਰ ਜਾਵੇ ਤਾਂ ਇਹ ਇਕ ਲੋਕਾਂ ਦੇ ਹੱਕ ਦੀ ਗੱਲ ਹੋਵੇਗੀ। ਬਾਕੀ, ਟੀ.ਐਮ.ਸੀ. ਅਤੇ ਇਸ ਦੀ ਸਰਕਾਰ ਤੋਂ ਹੋਰ ਕੋਈ ਵੱਡੀ ਆਸ ਕਦਾਚਿਤ ਨਹੀਂ ਰੱਖੀ ਜਾ ਸਕਦੀ ਕਿਉਂਕਿ ਇਨ੍ਹਾਂ ਚੋਣਾ ਨੂੰ ਜਿਤਣ ਉੱਤੇ ਕਰੋੜਾਂ ਰੁਪਏ ਖ਼ਰਚਣ ਵਾਲਿਆਂ ਨੇ ਇਹ ਖ਼ਰਚ ਲੋਕਾਂ ਦੇ ਮਸਲੇ ਹੱਲ ਕਰਨ ਲਈ ਨਹੀਂ ਕੀਤਾ ਆਪਣੇ ਮੁਫ਼ਾਦ ਪੂਰਨ ਕਰਨ ਲਈ ਕੀਤਾ ਹੈ। ਕੁਝ ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਟੀ.ਐਮ.ਸੀ. ਦੀ ਸਰਕਾਰ ਨਾਲ ਲੋਕਾਂ ਦੀ ਲੁੱਟ ਅਤੇ ਮਾਰੋ-ਮਾਰ ਸਗੋਂ ਹੋਰ ਵਧੇਗੀ ਕਿਉਂਕਿ ਇਹ ਬਹੁਤ ਮੁਸ਼ਕਲ ਨਾਲ ਤਾਕਤ ਵਿਚ ਆਏ ਹਨ ਅਤੇ ਕੋਈ ਪਤਾ ਨਹੀਂ ਅਗਲੀਆਂ ਚੋਣਾਂ ਜਿੱਤਣ ਕਿ ਨਾ। ਇਸ ਲਈ ਇਨ੍ਹਾਂ ਦਾ ਸਾਰਾ ਜ਼ੋਰ ਇਸ ਗੱਲ ਤੇ ਰਹੇਗਾ ਕਿ ਜਿੰਨਾਂ ਵੀ ਮਾਲ ਇਨ੍ਹਾਂ ਪੰਜ ਸਾਲਾਂ ਵਿਚ ਬਣਾ ਸਕਦੇ ਹਨ ਬਣਾ ਲੈਣ। ਫਿਲਹਾਲ ਟੀ.ਐਮ.ਸੀ. ਆਪਣੀ ਜਿੱਤ ਦੇ ਜਸ਼ਨ ਮਨਾ ਰਹੀ ਹੈ ਅਤੇ ਲੋਕ ਸੀ.ਪੀ.ਆਈ(ਐਮ) ਤੋਂ ਜਾਨ ਛੁੱਟਣ ਦੀ ਖ਼ੁਸ਼ੀ ਮਨਾ ਰਹੇ ਹਨ।

ਸੀ.ਪੀ.ਆਈ (ਐਮ) ਦੀ ਹਾਰ ਅਤੇ ਟੀ.ਐਮ.ਸੀ. ਦੀ ਜਿੱਤ ਇਕ ਵਾਰ ਫਿਰ ਦਿਖਾਉਂਦੀ ਹੈ ਕਿ ਮੌਜੂਦਾ ਦੌਰ ਵਿਚ ਹਰ ਸਿਆਸੀ ਪਾਰਟੀ ਬਹੁਤ ਵੱਡੇ ਵੱਡੇ ਦਾਅਵੇ ਅਤੇ ਵਾਅਦੇ ਕਰਕੇ ਤਾਕਤ ਵਿਚ ਤਾਂ ਆ ਸਕਦੀ ਹੈ ਪਰ ਲੋਕਾਂ ਦੇ ਕਿਸੇ ਵੀ ਮਸਲੇ ਦੇ ਹੱਲ ਵਿਚ ਉਨ੍ਹਾਂ ਦੀ ਕੋਈ ਦਿਲਚਸਪੀ ਨਹੀਂ ਹੁੰਦੀ। ਚੋਣਾਂ ਜਿਤਣ ਮਗਰੋਂ ਸਾਰੀ ਕਾਰਵਾਈ ਲੋਕਾਂ ਦੇ ਹੱਕਾਂ ਅਤੇ ਹਿਤਾਂ ਦੇ ਖ਼ਿਲਾਫ਼ ਹੀ ਹੁੰਦੀ ਹੈ। ਮਮਤਾ ਬੈਨਰਜੀ ਅਤੇ ਟੀ.ਐਮ.ਸੀ. ਦੇ ਦੌਰ ਤੋਂ ਵੀ ਕੋਈ ਲੋਕ ਭਲਾਈ ਦੀ ਆਸ ਰੱਖਣੀ ਫਜ਼ੂਲ ਸਾਬਤ ਹੋਵੇਗੀ। ਲੋਕਾਂ ਨੂੰ ਆਪਣੇ ਮਸਲਿਆਂ ਦੇ ਹੱਲ ਲਈ ਇਸ ਪਾਰਟੀ ਰਾਜ ਦੀ ਸਿਆਸੀ ਪ੍ਰਣਾਲੀ ਅਤੇ ਬੰਦੋਬਸਤ ਨੂੰ ਖ਼ਤਮ ਕਰਕੇ ਕਿਸੇ ਹੋਰ ਨਵੀਂ ਸਿਆਸੀ ਪ੍ਰਣਾਲੀ ਦੀ ਕਾਢ ਕੱਢਣ ਦੀ ਲੋੜ ਹੈ।